# KHALSA PRIMARY SCHOOL
Headteacher: Ms P. K. Sehmi

Volume 6 Issue 1


## Week beginning: 08 September 2014

### Welcome to the new school year!




I am pleased to say that the Autumn Term has started off really well. We have opened 2 new classrooms and now have Year 5 pupils at our school. We now have 412 children on roll at Khalsa Primary.

### New staff

We would like to welcome new members of staff who have joined the school:

| | |
|---|---|
| **Reception** | Miss J Panesar (Class Teacher) |
| **Year 1** | Miss M Kamboj (Class Teacher) |

### After School Clubs


After school clubs will commence shortly. We will give you information about how you can put your child's name down for a club.

### School Lunches

We would like to inform all Reception, Year 1 and Year 2 parents that school lunches are free for the children in these year groups. If your child is currently having packed lunch, please encourage them to eat a school lunch which is freshly prepared and hot.

**Please note that children in Year 3, 4 & 5 still need to pay for school lunch as normal.**

### Free School Meals



Did you know your child may be entitled to free school meals, even if they are having a packed lunch? Please contact your local borough if you are claiming one of the below:

- Income Support
- Job Seekers Allowance (income based)
- Child Tax Credit (as long you do not receive working tax credit & earn less than £16, 190)
- Asylum Support Service (NASS)
- Income related employment & support allowance



**Schools receive additional funding for children who receive free school meals.**

### Fruit & Milk

Please note Years 1, 2, 3 and 4 do not receive free milk from school. You are welcome to give your child fruit to bring to school. If you would like your child to have milk during school time you will need to pay. Please collect a form from the school office and register your child with Cool Milk.

Years 3, 4 & 5 do not receive fruit from school. Please send a small container of fresh fruit with them daily.

### Medications

For existing children, please could you bring back any medication your child needs whilst at school. Please check the dates before handing them in.

For new children starting this term, please give medication to Mrs Marwaha in the school office, if your child has a medical condition such as asthma, eczema, allergies etc.

### Lost Property

In the school office lobby area, there is some lost property including items of clothing, shoes, coats, water bottles etc. If your child has misplaced any of the items listed above, please have a look through the lost property to reclaim them. They will be here until the end of next week.

### School Uniform

Please note that school uniform can be purchased from the following shop:

**Fashion Mark**
**18 High Street, Southall, Middlesex, UB1 3DA**
Open 7 days a week - Time: 10am—7pm

The uniform is the same. You will also be able to purchase other items, such as trousers, shoes, plimsolls.

Some children are coming to school wearing black / white trainers. Trainers are not part of school uniform unless they are being worn during sports. Please ensure your child is in the correct uniform.

### Dates for your diary




| Date | Event |
|---|---|
| Friday 19th September | Yr 5 - Guru Har Krishan Shaib Miss Birk's Class Assembly |
| Friday 29th September | Yr 5 - Guru Har Rai Shaib Ji - Mrs Kaur's Class Assembly |
| 1st week October | School Photographs - TBC |
| Tuesday 14th October | "Open day" for Nursery & Reception NEW admissions 2015/16 |
| Monday 27th October - Friday 31st October | Half Term |

### Thought of the week

***"New beginnings, new ideas, new energy"***

### ATTENDANCE



As always we like to improve our attendance levels. Classes with the best attendance each week will receive a certificate and the chance to look after our lovely new school Teddy Bear. So….do play your part in making sure that your child attends school regularly. If your child is absent, let us know on the day. Please try not to make any appointments during school time.

### GOLDEN RULES

Always remember our golden rules:

- **We remember God**
- **We work hard**
- **We share and care**



Every week children will be awarded certificates for remembering the golden rules.

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੮ ਸਿਤੰਬਰ ੨੦੧੪

ਵਾਲਿਓਮ ੬,
ਇਸ਼ੂ ੧

### ਸਕੂਲ ਦੇ ਨਵੇਂ ਵਿਦਿਅਕ ਸਾਲ ਵਿਚ ਸਵਾਗਤ ਹੈ!




ਮੈਨੂੰ ਖੁਸ਼ੀ ਹੈ ਕਿ ਪਤਝੜ ਦੀ ਟਰਮ ਦਾ ਅਰੰਭ ਬੜੀ ਚੰਗੀ ਤਰ੍ਹਾਂ ਹੋਇਆ ਹੈ।ਸਕੂਲ ਵਿਚ ਅਸੀਂ ਦੋ ਨਵੀਆਂ ਜਮਾਤਾਂ ਖੋਲੀਆਂ ਹਨ ਅਤੇ ਸਾਡੇ ਕੋਲ ਹੁਣ ਪੰਜਵੀਂ ਜਮਾਤ ਦੇ ਬੱਚੇ ਵੀ ਹਨ। ਹੁਣ ੪੧੨ ਬੱਚੇ ਖ਼ਾਲਸਾ ਪ੍ਰਾਇਮਰੀ ਸਕੂਲ ਦੀ ਸੂਚੀ ਤੇ ਹਨ।


#### ਨਵਾਂ ਸਟਾਫ਼

ਅਸੀਂ ਸਕੂਲ ਵਿਚ ਸ਼ਾਮਿਲ ਹੋਏ ਨਵੇਂ ਸਟਾਫ਼ ਨੂੰ ਜੀ ਆਇਆਂ ਆਖਦੇ ਹਾਂ:

| | |
|---|---|
| ਰਿਸੈਪਸ਼ਨ | ਮਿਸ ਜੇ ਪਨੇਸਰ (ਕਲਾਸ ਟੀਚਰ) |
| ਪਹਿਲੀ ਜਮਾਤ | ਮਿਸ ਮ ਕੰਬੋਜ (ਕਲਾਸ ਟੀਚਰ) |

### ਸਕੂਲ ਬਾਅਦ ਦੇ ਕਲੱਬ

ਸਕੂਲ ਬਾਅਦ ਦੇ ਕਲੱਬ ਛੇਤੀ ਹੀ ਸ਼ੁਰੂ ਕੀਤੇ ਜਾਣਗੇ।ਅਸੀਂ ਆਪ ਜੀ ਨੂੰ ਜਾਣਕਾਰੀ ਦਿਆਂਗੇ ਕਿ ਆਪ ਜੀ ਆਪਣੇ ਬੱਚੇ ਦਾ ਨਾਮ ਕਲੱਬ ਵਿਚ ਕਿਵੇਂ ਦੇ ਸਕਦੇ ਹੋ।



### ਸਕੂਲੀ ਭੋਜਨ

ਅਸੀਂ ਜਾਣਕਾਰੀ ਦੇਣਾ ਚਾਹੁੰਦੇ ਹਾਂ ਕਿ ਰਿਸੈਪਸ਼ਨ, ਪਹਿਲੀ ਅਤੇ ਦੂਜੀ ਜਮਾਤ ਦੇ ਬਚਿੱਆਂ ਲਈ ਸਕੂਲੀ ਭੋਜਨ ਮੁਫ਼ਤ ਹੋਵੇਗਾ।ਜੇਕਰ ਆਪ ਜੀ ਦੇ ਬੱਚੇ ਇਸ ਸਮੇਂ ਘਰ ਦਾ ਭੋਜਨ ਖਾਣਾ ਚਾਹੁੰਦੇ ਹਨ ਤਾਂ ਵੀ ਕਿਰਪਾ ਕਰਕੇ ਆਪਣੇ ਬਚਿੱਆਂ ਨੂੰ ਸਕੂਲ ਦਾ ਭੋਜਨ ਛਕਣ ਲਈ ਉਤਸਾਹਿਤ ਕਰਨਾ ਕਿਉਂਕਿ ਸਕੂਲ ਦਾ ਭੋਜਨ ਤਾਜ਼ਾ ਬਣਿਆ ਅਤੇ ਗਰਮ ਹੁੰਦਾ ਹੈ।ਕਿਰਪਾ ਕਰਕੇ ਨੋਟ ਕਰਨਾ ਕਿ ਤੀਜੀ ਚੌਥੀ ਅਤੇ ਪੰਜਵੀਂ ਜਮਾਤ ਦੇ ਬਚਿੱਆਂ ਨੇ ਆਮ ਵਾਂਗ ਸਕੂਲ ਦੇ ਭੋਜਨ ਲਈ ਧਨ ਦੇਣਾ ਹੈ।



### ਮੁਫ਼ਤ ਸਕੂਲੀ ਭੋਜਨ

ਕੀ ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਮੁਫ਼ਤ ਸਕੂਲੀ ਭੋਜਨ ਲੈ ਸਕਦਾ ਹੈ ਭਾਵੇਂ ਕਿ ਉਹ ਘਰ ਦਾ ਖਾਣਾ ਵੀ ਲਿਆ ਰਿਹਾ ਹੋਵੇ? ਜੇਕਰ ਹੇਠ ਲਿਖਿਆਂ ਵਿਚੋਂ ਕੁਝ ਤੁਹਾਡੇ ਤੇ ਲਾਗੂ ਹੁੰਦਾ ਹੈ ਤਾਂ ਕਿਰਪਾ ਕਰਕੇ ਆਪਣੀ ਲੋਕਲ ਬੌਰੋ ਨਾਲ ਸੰਪਰਕ ਕਰੋ ਜੀ:

- ਇਨਕਮ ਸੁਪੋਰਟ
- ਜੌਬ ਸੀਕਰਜ਼ ਅਲਾਊਂਸ (ਆਮਦਨ ਅਧਾਰਤ)
- ਚਾਈਲਡ ਟੈਕਸ ਕਰੈਡਿਟ (ਜਿਥੋਂ ਤੱਕ ਕਿ ਤੁਸੀਂ ਵਰਕਿੰਗ ਟੈਕਸ ਕਰੈਡਿਟ ਨਾ ਲੈਂਦੇ ਹੋਵੋ ਅਤੇ ੧੬੧੯੦ ਪਾਉਂਡ ਸਾਲਾਨਾ ਤੋਂ ਘੱਟ ਕਮਾਉਂਦੇ ਹੋਵੋ)
- ਸਾਇਲਮ ਸੁਪੋਰਟ ਸਰਵਿਸ (NASS)
- ਆਮਦਨ ਸੰਬੰਧਤ ਰੋਜ਼ਗਾਰ ਅਤੇ ਸੁਪੋਰਟ ਅਲਾਊਂਸ

ਮੁਫ਼ਤ ਸਕੂਲੀ ਭੋਜਨ ਲੈਣ ਵਾਲੇ ਬਚਿੱਆਂ ਰਾਹੀਂ ਸਕੂਲ ਨੂੰ ਜੋੜਵੀਂ ਫੰਡਿੰਗ ਮਿਲਦੀ ਹੈ।

### ਫਲ ਅਤੇ ਦੁੱਧ

ਕਿਰਪਾ ਕਰਕੇ ਨੋਟ ਕਰਨਾ ਕਿ ਪਹਿਲੀ, ਦੂਜੀ, ਤੀਜੀ ਅਤੇ ਚੌਥੀ ਜਮਾਤਾਂ ਦੇ ਬੱਚੇ ਸਕੂਲ ਵਲੋਂ ਮੁਫ਼ਤ ਦੁੱਧ ਪ੍ਰਾਪਤ ਨਹੀਂ ਕਰਦੇ।ਜੇਕਰ ਤੁਸੀਂ ਆਪਣੇ ਬੱਚੇ ਨੂੰ ਘਰੋਂ ਫਲ ਦੇ ਕੇ ਭੇਜਣਾ ਚਾਹੋ ਤਾਂ ਅਸੀਂ ਇਸ ਉੱਦਮ ਦਾ ਸਵਾਗਤ ਕਰਦੇ ਹਾਂ।ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਸਕੂਲ ਦੇ ਸਮੇਂ ਦੌਰਾਨ ਦੁੱਧ ਪੀਵੇ ਤਾਂ ਤੁਸੀਂ ਇਸ ਲਈ ਧਨ ਦੇਣਾ ਹੋਵੇਗਾ।ਕਿਰਪਾ ਕਰਕੇ ਸਕੂਲ ਦਫ਼ਤਰ ਵਿਚੋਂ ਫਾਰਮ ਲੈਕੇ, ਭਰ ਕੇ ਆਪਣੇ ਬੱਚੇ ਨੂੰ ਕੂਲ ਮਿਲਕ ਨਾਲ ਰਜਿਸਟਰ ਕਰਨਾ ਜੀ।

ਤੀਜੀ, ਚੌਥੀ ਅਤੇ ਪੰਜਵੀਂ ਜਮਾਤਾਂ ਦੇ ਬੱਚੇ ਸਕੂਲ ਵਲੋਂ ਫਲ ਪ੍ਰਾਪਤ ਨਹੀਂ ਕਰਦੇ।ਕਿਰਪਾ ਕਰਕੇ ਉਨ੍ਹਾਂ ਨਾਲ ਇਕ ਛੋਟੇ ਡੱਬੇ ਵਿਚ ਇਕ ਫਲ ਰੋਜ਼ਾਨਾ ਭੇਜਣਾ ਜੀ।

### ਦਵਾਈਆਂ

ਸਕੂਲ ਵਿਚ ਇਸ ਸਮੇਂ ਪੜਦੇ ਬਚਿੱਆਂ ਨੂੰ ਜੇਕਰ ਕਿਸੇ ਦਵਾਈ ਦੀ ਸਕੂਲ ਦੇ ਸਮੇਂ ਦੌਰਾਨ ਜ਼ਰੂਰਤ ਹੈ ਤਾਂ ਕਿਰਪਾ ਕਰਕੇ ਉਹ ਦਵਾਈ ਸਕੂਲ ਦਫ਼ਤਰ ਵਿਚ ਪੁਜਦੀ ਕਰਨੀ ਜੀ।ਦਵਾਈ ਸਕੂਲ ਵਿਚ ਪਹੁੰਚਾਉਣ ਤੋਂ ਪਹਿਲਾਂ ਦਵਾਈ ਦੀ ਤਾਰੀਖ਼ ਜ਼ਰੂਰ ਚੈ ੱਕ ਕਰਨੀ ਜੀ।ਇਸ ਟਰਮ ਵਿਚ ਸਕੂਲ ਸ਼ੁਰੂ ਕਰਨ ਵਾਲੇ ਨਵੇਂ ਬਚਿੱਆਂ ਦੀ ਜੇਕਰ ਕੋਈ ਮੈਡੀਕਲ ਲੋੜ ਹੈ ਜਿਵੇਂ ਕਿ ਅਸਥਮਾ, ਐਗਜ਼ੀਮਾ ਜਾਂ ਕੋਈ ਹੋਰ ਐਲਰਜੀ ਤਾਂ ਕਿਰਪਾ ਕਰਕੇ ਉਸਦੀ ਦਵਾਈ ਸਕੂਲ ਦਫ਼ਤਰ ਵਿਚ ਮਿਸਿਜ਼ ਮਰਵਾਹਾ ਨੂੰ ਦੇਣੀ ਜੀ।

### ਗੁਆਚਿਆ ਸਾਮਾਨ

ਸਕੂਲ ਦਫ਼ਤਰ ਦੀ ਲਾਬੀ ਵਿਚ ਕੁਝ ਗੁਆਚਿਆ ਸਾਮਾਨ ਜਿਵੇਂ ਕਿ ਕਪੜੇ,ਜੁੱਤੀਆਂ,ਕੋਟ,ਪਾਣੀ ਦੀਆਂ ਬੋਤਲਾਂ ਆਦਿ ਰਖਿਆ ਗਿਆ ਹੈ।ਜੇਕਰ ਤੁਹਾਡੇ ਬੱਚੇ ਦੀ ਇਨ੍ਹਾਂ ਵਿਚੋਂ ਕੋਈ ਚੀਜ਼ ਗੁਆਚੀ ਹੈ ਤਾਂ ਇਸ ਸਾਮਾਨ ਵਿਚੋਂ ਲਭਣ ਦੀ ਖੇਚਲ ਕਰਕੇ ਪ੍ਰਾਪਤ ਕਰਨੀ ਜੀ।ਇਹ ਸਾਮਾਨ ਅਗਲੇ ਹਫ਼ਤੇ ਦੇ ਅਖ਼ੀਰ ਤੱਕ ਇਥੇ ਰਹੇਗਾ।

### ਸਕੂਲੀ ਵਰਦੀ

ਕਿਰਪਾ ਕਰਕੇ ਨੋਟ ਕਰਨਾ ਕਿ ਸਕੂਲ ਵਲੋਂ ਸਕੂਲੀ ਵਰਦੀ ਨਹੀਂ ਵੇਚੀ ਜਾ ਰਹੀ।ਹੁਣ ਤੁਸੀਂ ਵਰਦੀ ਹੇਠ ਲਿਖੇ ਸਿਰਨਾਵੇਂ ਤੋਂ ਖਰੀਦ ਸਕਦੇ ਹੋ:

**Fashion Mark**
**18 High Street, Southall, Middlesex, UB1 3DA**

ਇਹ ਦੁਕਾਨ ਸੱਤੇ ਦਿਨ ਸਵੇਰੇ ੧੦ ਵਜੇ ਤੋਂ ਸ਼ਾਮੀਂ ੦੭ ਵਜੇ ਤੱਕ ਖੁਲਦੀ ਹੈ।

ਵਰਦੀ ਪਿਛਲੇ ਸਾਲ ਵਾਲੀ ਹੀ ਹੈ।ਤੁਸੀਂ ਇਥੋਂ ਹੋਰ ਵਸਤਾਂ ਵੀ ਖ਼ਰੀਦ ਸਕਦੇ ਹੋ ਜਿਵੇਂ ਕਿ ਪੈਂਟ, ਬੂਟ ਅਤੇ ਪਲਿਮਸੌਲ ਕੁਝ ਬੱਚੇ ਸਕੂਲ ਵਿਚ ਸਫ਼ੈਦ ਜਾਂ ਾਲੇ ਟਰੇਨਰ ਪਹਿਨ ਕੇ ਆਉਂਦੇ ਹਨ।ਟਰੇਨਰ ਸਕੂਲ ਦੀ ਵਰਦੀ ਦਾ ਹਿੱਸਾ ਨਹੀਂ ਹਨ।ਕਿਰਪਾ ਕਰਕੇ ਯਕੀਨੀ ਬਣਾਉਣਾ ਕਿ ਆਪ ਜੀ ਦੇ ਬੱਚੇ ਠੀਕ ਅਤੇ ਪੂਰੀ ਵਰਦੀ ਪਹਿਨ ਕੇ ਸਕੂਲ ਆਉਣ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਮਹਤੱਵ |
|---|---|
| ਸ਼ੁਕਰਵਾਰ ੧੯ ਸਿਤੰਬਰ | ਮਿਸ ਬਰਕ ਦੀ ਪੰਜਵੀਂ ਜਮਾਤ-ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਜਮਾਤ ਵਲੋਂ ਜਮਾਤੀ ਸਭਾ |
| ਸ਼ੁਕਰਵਾਰ ੨੯ ਸਿਤੰਬਰ | ਮਿਸਿਜ਼ ਕੌਰ ਦੀ ਪੰਜਵੀਂ ਜਮਾਤ - ਗੁਰੂ ਹਰਿ ਰਾਇ ਸਾਹਿਬ ਜੀ ਜਮਾਤ ਵਲੋਂ ਜਮਾਤੀ ਸਭਾ |
| ਅਕਤੂਬਰ ਦਾ ੧ਲਾ ਹਫ਼ਤਾ | ਸਕੂਲੀ ਤਸਵੀਰਾਂ-ਪੱਕਾ ਕੀਤਾ ਜਾਣਾ ਹੈ |
| ਮੰਗਲਵਾਰ ੧੪ ਅਕਤੂਬਰ | ਨਰਸਰੀ ਅਤੇ ਰਿਸੈਪਸ਼ਨ ਲਈ "ਖੁਲ੍ਹਾ ਦਿਨ" ੨੦੧੫/੧੬ ਲਈ ਨਵੇਂ ਦਾਖ਼ਲੇ |
| ਸੋਮਵਾਰ ੨੭ ਅਕਤੂਬਰ-ਸ਼ੁਕਰਵਾਰ ੩੧ ਅਕਤੂਬਰ | ਹਾਫ ਟਰਮ |

### Thought of the week

**"ਨਵਾਂ ਅਰੰਭ, ਨਵੇਂ ਖਿਆਲ, ਨਵੀਂ ਤਾਜ਼ਗੀ"**

### ਹਾਜ਼ਰੀ



ਹਮੇਸ਼ਾ ਵਾਂਗ ਅਸੀਂ ਹਾਜ਼ਰੀ ਵਿਚ ਸੁਧਾਰ ਕਰਨਾ ਚਾਹਾਂਗੇ।ਬਿਹਤਰੀਨ ਹਾਜ਼ਰੀ ਵਾਲੀਆਂ ਜਮਾਤਾਂ ਸਰਟੀਫੀਕੇਟ ਹਾਸਿਲ ਕਰਨਗੀਆਂ ਅਤੇ ਸਕੂਲ ਦੇ ਨਵੇਂ ਭਾਲੂ ਨੂੰ ਸੰਭਾਲਣ ਦਾ ਮੌਕਾ ਪ੍ਰਾਪਤ ਕਰਨਗੀਆਂ।ਸੋ ... ਤੁਸੀਂ ਹੁਣ ਤੋਂ ਹੀ ਯਕੀਨੀ ਬਣਾ ਸਕਦੇ ਹੋ ਕਿ ਤੁਹਾਡੇ ਬੱਚੇ ਰੋਜ਼ਾਨਾ ਸਕੂਲ ਵਿਚ ਹਾਜ਼ਿਰ ਹੋਣ। ਜੇਕਰ ਕਿਸੇ ਮਜਬੂਰੀ ਵੱਸ ਆਪਦਾ ਬੱਚਾ ਗ਼ੈਰਹਾਜ਼ਿਰ ਹੁੰਦਾ ਹੈ ਤਾਂ ਸਾਨੂੰ ਉਸੇ ਦਿਨ ਸੂਚਨਾ ਦਿਓ ਜੀ।ਕਿਰਪਾ ਕਰਕੇ ਸਕੂਲ ਦੇ ਸਮੇਂ ਦੌਰਾਨ ਕੋਈ ਮੁਲਾਕਾਤ ਨਿਸਚਿਤ ਨਾ ਕਰੋ ਜੀ।

### ਸੁਨਿਹਰੀ ਅਸੂਲ



ਆਪਣੇ ਸੁਨਿਹਰੀ ਅਸੂਲ ਸਦਾ ਯਾਦ ਰਖਣਾ ਜੀ:

- **ਨਾਮ ਜਪਣਾ**
- **ਵੰਡ ਛਕਣਾ**
- **ਕਿਰਤ ਕਰਨੀ**

ਹਰ ਹਫ਼ਤੇ ਬਚਿਆਂ ਨੂੰ ਇਨ੍ਹਾਂ ਅਸੂਲਾਂ ਨੂੰ ਯਾਦ ਰਖਣ ਲਈ ਸਰਟੀਫਿਕੇਟ ਦਿੱਤੇ ਜਾਣਗੇ।

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk